The true picture of your local community
NZ ਤਸਵੀਰ NEWS
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
CONTACT RAJ : 021874730, 021874702, 0800 253 2687
www.redcleaning.co.nz

06 June 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਸੈਂਕੜਿਆਂ ਦੀ ਗਿਣਤੀ ਵਿਚ ਆਏ ਸ਼ੱਕੀ ਸੈਕਸ ਵਰਕਰਾਂ ਨੂੰ ਨਿਊਜ਼ੀਲੈਂਡ ਬਾਰਡਰ 'ਤੇ ਰੋਕਿਆ



ਆਕਲੈਂਡ (ਐਨ. ਜ਼ੈਡ. ਤਸਵੀਰ ਬਿਓਰੋ) : ਨਿਊਜ਼ੀਲੈਂਡ ਦੇ ਇੱਕ ਮੀਡੀਆ ਗਰੁੱਪ ਵੱਲੋਂ ਕੀਤੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਸੈਂਕੜੇ ਦੀ ਗਿਣਤੀ ਵਿਚ ਨਿਊਜ਼ੀਲੈਂਡ ਬਾਰਡਰ 'ਤੇ ਪਹੁੰਚੇ ਸੈਕਸ ਵਰਕਰਾਂ ਨੂੰ ਬਾਰਡਰ 'ਤੇ ਰੋਕ ਲਿਆ ਹੈ। ਕਿਉਂਕਿ ਉਹ ਗੈਰ ਕਾਨੂੰਨ ਢੰਗ ਨਾਲ ਪਹੁੰਚੇ ਹਨ। ਨਿਊਜ਼ੀਲੈਂਡ ਵਿਚ ਕਿਸੇ ਸਮੇਂ 4000 ਤੋਂ ਵੱਧ ਸੈਕਸ ਕਰਮਚਾਰੀ ਕੰਮ ਕਰਦੇ ਸਨ। ਇਸ ਤੋਂ ਇਲਾਵਾ ਕਈ ਗੈਰ ਕਾਨੂੰਨੀ ਢੰਗ ਨਾਲ ਆਏ ਪ੍ਰਵਾਸੀ ਵੀ ਅਜਿਹੇ ਕੰਮ ਕਰਦੇ ਸਨ ਜਿਸ ਦੀ ਅਧਿਕਾਰੀਆਂ ਨੂੰ ਜਾਣਕਾਰੀ ਨਹੀਂ ਸੀ। ਅਧਿਕਾਰੀ ਕਹਿੰਦੇ ਹਨ ਕਿ ਇਨ੍ਹਾਂ ਦੇ ਆਉਣ ਨਾਲ ਸਮੱਸਿਆ ਹੋਰ ਵੀ ਵਿਗੜ ਜਾਵੇਗੀ। ਇੰਮੀਗ੍ਰੇਸ਼ਨ ਨਿਊਜ਼ੀਲੈਂਡ ਦੇ ਡੇਵ ਕੈਂਪਬੈਲ ਦਾ ਕਹਿਣਾ ਹੈ ਕਿ ਅਸੀਂ ਚਿੰਤਤ ਹਾਂ ਕਿ ਇਨ੍ਹਾਂ ਵਿਚੋਂ ਕੁਝ ਗੈਰ ਕਾਨੂੰਨੀ ਪ੍ਰਵਾਸੀਆਂ ਦੀ ਨਿਊਜ਼ੀਲੈਂਡ ਵਿਚ ਸ਼ੋਸ਼ਣ ਹੋ ਰਿਹਾ ਹੈ। ਕਾਨੂੰਨ ਕਹਿਣਾ ਹੈ ਕਿ ਅਸਥਾਈ ਵੀਜ਼ੇ ਵਾਲੇ ਸੈਲਾਨੀਆਂ ਜਿਨਸੀ ਸੇਵਾਵਾਂ ਪ੍ਰਦਾਨ ਨਹੀਂ ਕਰ ਸਕਦੇ ਅਤੇ ਨਿਵਾਸੀ ਵੀਜ਼ਾ ਵਾਲੇ ਵਿਦੇਸ਼ੀ ਵੇਸਵਾਗਰਮੀ ਦੇ ਕਾਰੋਬਾਰ ਵਿਚ ਨਿਓਸ਼ ਨਹੀਂ ਕਰ ਸਕਦੇ। ਇਸ ਦੇ ਬਾਵਜੂਦ ਸੈਂਕੜੇ ਲੋਕ ਇਸ ਲਈ ਕੋਸ਼ਿਸ਼ ਕਰ ਚੁੱਕੇ ਹਨ। ਸਾਲ 2015 ਵਿਚ ਮਈ ਅਤੇ ਜੂਨ ਮਹੀਨੇ ਦੇ ਦੌਰਾਨ 481 ਸ਼ੱਕੀ ਸੈਕਸ ਵਰਕਰਾਂ ਨੂੰ ਨਿਊਜ਼ੀਲੈਂਡ ਵਿਚ ਦਾਖਲੇ ਤੋਂ ਮਨਾਂ ਕਰ ਦਿੱਤਾ ਗਿਆ ਸੀ ਅਤੇ 43 ਹੋਰ ਸੈਲਾਨੀਆਂ ਨੂੰ ਵੀ ਜਹਾਜ਼ ਵਿਚ ਚੜ੍ਹਣ ਜਾਂ ਉਤਰਨ ਤੋਂ ਰੋਕ ਦਿੱਤਾ ਗਿਅ ਸੀ। ਇੰਮੀਗ੍ਰੇਸ਼ਨ ਵਿਭਾਗ ਦਾ ਕਹਿਣਾ ਹੈ ਕਿ ਇਹ ਮਹਿਲਾਵਾਂ ਚੀਨ, ਹਾਂਗਕਾਂਗ ਅਤੇ ਬ੍ਰਾਜ਼ੀਲ ਤੋਂ ਇਥੇ ਪਹੁੰਚਦੀਆਂ ਹਨ। ਇੰਮੀਗ੍ਰੇਸ਼ਨ ਵਿਭਾਗ ਦਾ ਕਹਿਣਾ ਹੈ ਕਿ ਜੇਕਰ ਕੋਈ ਵਿਅਕਤੀ ਇਥੇ ਕਿਸੇ ਨੂੰ ਆਪਣੀ ਇੱਛਾ ਦੇ ਵਿਰੁੱਧ ਜਿਨਸੀ ਕਾਰੋਬਾਰ ਵਿਚ ਜਾਣ ਲਈ ਮਜ਼ਬੂਰ ਕਰਦਾ ਹੈ ਤਾਂ ਉਸ ਵਿਅਕਤੀ ਬਾਰੇ ਜਲਦ ਤੋਂ ਜਲਦ ਮਹਿਕਮੇ ਨੂੰ ਸ਼ਿਕਾਇਤ ਦੇਣੀ ਚਾਹੀਦੀ ਹੈ, ਤਾਂ ਜੋ ਉਸ ਸੰਬੰਧੀ ਢੁੱਕਵੀਂ ਕਾਰਵਾਈ ਕੀਤੀ ਜਾ ਸਕੇ।

# ਆਕਲੈਂਡ ਦੇ ਸਕਾਈ ਟਾਵਰ 'ਤੇ ਡਿੱਗੀ ਬਿਜਲੀ



ਆਕਲੈਂਡ (ਐਨ. ਜ਼ੈਡ. ਤਸਵੀਰ ਬਿਓਰੋ) : ਬੁੱਧਵਾਰ ਨੂੰ ਆਏ ਤੂਫਾਨ ਦੇ ਦੌਰਾਨ ਦੁਨੀਆ ਭਰ ਵਿਚ ਮਸ਼ਹੂਰ ਆਕਲੈਂਡ ਸਕਾਈ ਟਾਵਰ ਵੀ ਅਸਮਾਨੀ ਬਿਜਲੀ ਦੀ ਲਪੇਟ ਵਿਚ ਆ ਗਿਆ। ਸਥਾਨਕ ਵਿਅਕਤੀ ਐਂਡਰੂ ਸਟੇਨਲੀ ਨੇ ਕਾਲਜ ਹਿੱਲ ਦੇ ਨੇੜੇ ਭਿਆਨਕ ਮੌਸਮ ਦੌਰਾਨ ਇਸ ਨੂੰ ਫਿਲਮਾ ਲਿਆ। ਜਿਵੇਂ ਹੀ ਅਸਮਾਨ ਵਿਚ ਕਾਲੇ ਬੱਦਲ ਆਏ ਅਤੇ ਅਸਮਾਨ ਤੋਂ ਬਿਜਲੀ ਡਿੱਗਣੀ ਸ਼ੁਰੂ ਹੋ ਗਈ ਇਸ ਦੌਰਾਨ ਦੇਸ਼ ਦੀ ਸਭ ਤੋਂ ਉਚੀ ਇਮਾਰਤ ਸਕਾਈ ਟਾਵਰ 'ਤੇ ਵੀ ਬਿਜਲੀ ਡਿੱਗੀ ਜਿਸ ਨੂੰ ਐਂਡਰੂ ਨੇ ਆਪਣੇ ਜਕੈਮਰੇ ਵਿਚ ਕੈਦ ਕਰ ਲਿਆ। ਸਕਾਈ ਸਿਟੀ ਦੇ ਬੁਲਾਰੇ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਕਾਈਟਾਵਰ ਉਤੇ ਜ਼ੂਰ ਬਿਜਲੀ ਡਿੱਗੀ ਸੀ ਪਰ ਇਸ ਦੇ ਬਾਵਜੂਦ ਉਹ 100 ਫੀਸਦੀ ਸੁਰੱਖਿਅਤ ਹੈ। ਜ਼ਿਕਰਯੋਗ ਹੈ ਕਿ ਸਕਾਈ ਟਾਵਰ 'ਤੇ 2017 ਵਿਚ ਪੰਜ ਵਾਰ ਬਿਜਲੀ ਡਿੱਗੀ ਸੀ। ਇਥੇ ਦੱਸਣਾ ਬਣਦਾ ਹੈ ਕਿ ਸਕਾਈਟਾਵਰ ਦੱਖਣੀ ਗੋਲਾਰਥ ਦੀ ਸਭ ਤੋਂ ਉਚੀ ਇਮਾਰਤ ਹੈ ਅਤੇ ਇਸ ਦਾ ਨਿਰਮਾਣ ਭਿਆਨਕ ਮੌਸਮ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਦਰੁਸਤ ਬਣਿਆ ਹੋਇਆ ਹੈ। ਜੇਕਰ 200 ਕਿ. ਮੀ. ਪ੍ਰਤੀ ਘੰਟੇ ਦੀ ਰਫਤਾਰ ਨਾਲ ਵੀ ਹਵਾਵਾਂ ਚਲਦੀਆਂ ਹਨ ਤਾਂ ਉਹ ਸਕਾਈਟਾਵਰ ਨੂੰ ਪ੍ਰਭਾਵਿਤ ਨਹੀਂ ਕਰਦੀਆਂ ਹਨ।

# ਟੂਰਨਾਡੋ ਨੇ ਉਤਰੀ ਇਲਾਕੇ ਵਿਚ 12 ਘਰਾਂ ਨੂੰ ਪਹੁੰਚਾਇਆ ਨੁਕਸਾਨ



ਆਕਲੈਂਡ (ਐਨ. ਜ਼ੈਡ. ਤਸਵੀਰ ਬਿਓਰੋ) : ਬੀਤੇ ਦਿਨੀਂ ਆਏ ਟੂਰਨਾਡੋ ਨੇ ਉਤਰੀ ਖੇਤਰ ਦੇ ਕਈ ਘਰਾਂ ਨੂੰ ਨੁਕਸਾਨ ਪਹੁੰਚਾਇਆ ਹੈ, ਜਿਨ੍ਹਾਂ ਵਿਚੋਂ ਤਕਰੀਬਨ 12 ਘਰ ਬਹੁਤ ਬੁਰੀ ਤਰ੍ਹਾਂ ਨੁਕਸਾਨੇ ਗਏ ਹਨ। ਜ਼ਿਆਦਾਤਰ ਨੁਕਸਾਨ ਸਟੇਟ ਹਾਈਵੇਅ 1 ਦੇ ਨੇੜੇ ਹੋਇਆ ਹੈ। ਨਿਊਜ਼ੀਲੈਂਡ ਵਿਚ ਅਗਲੇ ਕੁਝ ਦਿਨਾਂ ਤੱਕ ਅਜਿਹਾ ਮੌਸਮ ਹੀ ਰਹਿਣ ਦੀ ਸੰਭਾਵਨਾ ਹੈ। ਆਕਲੈਂਡ ਦੇ ਨੇੜਲੇ ਇਲਾਕੇ ਰੇਮੀਏਰਾ ਦੇ ਨੇੜੇ ਬਿਜਲੀ ਲਾਈਨਾਂ ਪ੍ਰਭਾਵਿਤ ਹੋਣ ਦੀ ਸੂਚਨਾ ਮਿਲੀ ਹੈ। ਮੈਟ ਸਰਵਿਸ ਦੇ ਮੌਸਮ ਵਿਗਿਆਨੀ ਪੀਟਰ ਲਿਟ ਨੇ ਦੱਸਆ ਕਿ ਅੱਜ ਸਵੇਰੇ ਉਤਰ ਪੱਛਮ ਵਿਚ 102 ਕਿਲੋਮੀਟਰ ਦੀਆਂ ਹਵਾਵਾਂ ਚੱਲ ਰਹੀਆਂ ਸਨ।

# ਚੀਨ 'ਚ ਢਾਹੀਆਂ ਗਈਆਂ 36 ਮਸਜਿਦਾਂ, ਰਮਜ਼ਾਨ 'ਚ ਨਜ਼ਰ ਆਈ ਖਾਮੋਸ਼ੀ

ਚੀਨ ਦੇ ਸ਼ੋਰ ਸ਼ਰਾਬੇ ਵਾਲੇ ਸ਼ਹਿਰ ਸ਼ਿਨਜਿਯਾਂਗ ਖੇਤਰ ਚ ਹੈਯਿਤਕਾ ਮਸਜਿਦ ਦੇ ਚਾਰੇ ਪਾਸੇ ਕਦੇ ਰੌਣਕ ਜਿਹੀ ਲੱਗੀ ਰਹਿੰਦੀ ਸੀ ਪਰ ਹੁਣ ਇਸ ਮਸਜਿਦ ਦੇ ਉੱਚੇ ਗੁਬੰਦਦਾਰ ਇਮਾਰਤ ਦੀ ਨਿਸ਼ਾਨੀ ਮਿਟਣ ਦੇ ਨਾਲ ਹੀ ਇਹ ਥਾ ਹੁਣ ਸੁੰਨਸਾਨ ਜਿਹੀ ਬਣ ਗਈ ਹੈ। ਦੁਨੀਆ ਭਰ ਦੇ ਮੁਸਲਮਾਨ ਖੁਸ਼ੀ ਅਤੇ ਉਤਸ਼ਾਹ ਨਾਲ ਈਦ ਮਨਾ ਰਹੇ ਹਨ ਪਰ ਹਾਲੀਆ ਸਮੇਂ ਚ ਸ਼ਿਨਜਿਯਾਂਗ ਚ ਦਰਜਨਾਂ ਮਸਜਿਦਾਂ ਨੂੰ ਢਾਹੇ ਜਾਣ ਕਾਰਨ ਉਇਗੁਰ ਅਤੇ ਹੋਰਨਾਂ ਘੱਟ ਗਿਣਤੀ ਵਸੋਂ ਸੁਰੱਖਿਆ ਮੁਲਾਜ਼ਮਾਂ ਦੀ ਭਾਰੀ ਮੌਜੂਦਗੀ ਵਾਲੇ ਇਸ ਖੇਤਰ ਚ ਦਬਾਅ ਦਾ ਸਾਹਮਣਾ ਕਰ ਰਹੇ ਹਨ ਜਿਸ ਕਾਰਨ ਉਨ੍ਹਾਂ ਦੀ ਰਮਜ਼ਾਨ ਵੀ ਫੀਕੀ ਲੰਘੀ। ਨਿਊਜ਼ ਏਜੰਸੀ ਏਐਫ਼ਪੀ ਮੁਤਾਬਕ, ਹੋਤਨ ਸ਼ਹਿਰ ਚ ਇਸ ਥਾਂ ਪਿੱਛੇ ਇਕ ਸਕੂਲ ਦੀ ਦੀਵਾਰ ਤੇ ਲਾਲ ਰੰਗ ਨਾਲ ਲਿਖਿਆ ਹੈ ਕਿ ਪਾਰਟੀ ਲਈ ਲੋਕਾਂ ਨੂੰ ਪੜਾਓ ਤੇ ਇਸ ਸਕੂਲ ਚ ਦਾਖਲੇ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਆਪਣਾ ਚਿਹਰਾ ਸਕੈਨ ਕਰਾਉਣਾ ਪੈਂਦਾ ਹੈ। ਉਪਗ੍ਰਹਿ ਤੋਂ ਮਿਲੀ ਅਤੇ ਹੋਰਨਾਂ ਤਸਵੀਰਾਂ ਦੀ ਪੜਚੋਲ ਕਰਨ ਮਗਰੋਂ ਇਹ ਪਤਾ ਲੱਗਦਾ ਹੈ ਕਿ ਸਾਲ 2017 ਮਗਰੋਂ ਘਟੋ ਘੱਟ 36 ਮਸਜਿਦਾਂ ਅਤੇ ਧਾਰਮਿਕ ਸਥਾਨਾਂ ਨੂੰ ਢਾਹਿਆ ਜਾ ਚੁੱਕਾ ਹੈ। ਇਸ ਤੋਂ ਇਲਾਵਾ ਜਿਹੜੀਆਂ ਮਸਜਿਦਾਂ ਖੁੱਲ੍ਹੀਆਂ ਹਨ, ਉੱਥੇ ਜਾਣ ਲਈ ਸ਼ਰਧਾਲੂਆਂ ਨੂੰ ਮੈਟਲ ਡਿਟੈਕਟਰ ਤੋਂ ਹੋ ਕੇ ਲੰਘਣਾ ਪੈਂਦਾ ਹੈ ਤੇ ਸਰਵਿਸਲਾਂਸ ਕੈਮਰੇ ਨਾਲ ਲਗਾਤਾਰ ਉਨ੍ਹਾਂ 'ਤੇ ਨਿਗਰਾਨੀ ਰੱਖੀ ਜਾਂਦੀ ਹੈ। ਡਰ ਕਾਰਨ ਪਛਾਣ ਨਾਲ ਦੱਸਣ ਦੀ ਸ਼ਰਤ 'ਤੇ ਇਕ ਉਇਗੁਰ ਮੁਸਲਮਾਨ ਨੇ ਕਿਹਾ ਕਿ ਇੱਥੇ ਦੇ ਹਾਲਾਤ ਬੇਹੱਦ ਸਖ਼ਤ ਹਨ, ਦਿਲ ਪੱਕਾ ਕਰਕੇ ਰਹਿਣਾ ਪੈਂਦਾ ਹੈ। ਬੁੱਧਵਾਰ ਨੂੰ ਈਦ ਮਨਾਉਣ ਵਾਲੇ ਮੁਸਲਮਾਨ ਬੇਹੱਦ ਖ਼ਾਮੋਸ਼ੀ ਨਾਲ ਈਦਗਾਹ ਮਸਜਿਦ ਪੁੱਜੇ। ਇਹ ਚੀਨ ਦੀ ਸਭ ਤੋਂ ਵੱਡੀ ਮਸਜਿਦ ਹੈ ਜਿਹੜੀ ਕਿ ਪ੍ਰਸ਼ਾਸਨ ਦੀ ਸ਼ਖਤ ਨਿਗਰਾਨੀ ਅਤੇ ਸਾਦੀ ਵਰਦੀ ਚ ਥਾਂ-ਥਾਂ ਮੌਜੂਦ ਸੁਰੱਖਿਆ ਮੁਲਾਜ਼ਮਾਂ ਦੇ ਪਹਿਰੇ ਚ ਹੈ। ਜਾਨਲੇਵਾ ਹਮਲੇ ਦੇ ਸ਼ੱਕ ਕਾਰਨ ਸਰਕਾਰ ਨੇ ਪੂਰੇ ਖੇਤਰ ਚ ਕੈਮਰੇ ਲਗਾ ਰੱਖੇ ਹਨ। ਮੋਬਾਈਲ ਪੁਲਿਸ ਥਾਣਾ ਅਤੇ ਥਾਂ-ਥਾਂ ਜਾਂਚ ਲਈ ਚੌਕੀਆਂ ਬਣਾਈਆਂ ਹੋਈਆਂ ਹਨ। ਚੀਨ ਦੇ ਲਾ ਤ੍ਰੋਬੇ ਯੂਨੀਵਰਸਿਟੀ ਚ ਜਾਤੀ ਭਾਈਚਾਰਾ ਅਤੇ ਨੀਤੀ ਦੇ ਮਾਹਰ ਜੇਮਸ ਲੀਬੋਲਡ ਨੇ ਕਿਹਾ ਕਿ ਸੱਤਾਧਾਰੀ ਕਮਿਊਨਿਸਟ ਪਾਰਟੀ ਧਰਮ ਨੂੰ ਖਤਰਾ ਮੰਨਦੀ ਹੈ। ਲੰਬੇ ਸਮੇਂ ਤੋਂ ਚੀਨ ਸਰਕਾਰ ਚੀਨੀ ਸਮਾਜ ਨੂੰ ਧਰਮਨਿਰਪੱਖ ਬਣਾਉਣਾ ਚਾਹੁੰਦੀ ਹੈ। ਸ਼ਿਨਜਿਯਾਂਗ ਸਰਕਾਰ ਨੇ ਕਿਹਾ ਕਿ ਉਹ ਧਾਰਮਿਕ ਆਜ਼ਾਦੀ ਦੀ ਰੱਖਿਆ ਕਰਦੀ ਹੈ ਤੇ ਨਾਗਰਿਕ ਕਾਨੂੰਨ ਦੀ ਹੱਦ ਅੰਦਰ ਰਹਿ ਕੇ ਰਮਜ਼ਾਨ ਮਨਾਈ ਜਾ ਸਕਦੀ ਹੈ। ਇਕ ਅੰਦਾਜ਼ੇ ਮੁਤਾਬਕ 10 ਲੱਖ ਉਇਗੁਰ ਅਤੇ ਤੁਰਕੀ ਭਾਸ਼ੀ ਲੋਕਾਂ ਨੂੰ ਕੱਚੇ ਕੈਂਪਾਂ ਚ ਰਖਿਆ ਗਿਆ ਹੈ। ਸ਼ੁਰੂਆਤ ਚ ਚੀਨੀ ਪ੍ਰਸ਼ਾਸਨ ਨੇ ਇਨ੍ਹਾਂ ਕੈਂਪਾਂ ਨੂੰ ਵਪਾਰਕ ਸਿੱਖਿਆ ਕੇਂਦਰ ਦਸਿਆ ਸੀ।

# ਭਾਰਤੀ ਸਮੁੰਦਰੀ ਫ਼ੌਜ ਲਈ ਅਮਰੀਕਾ ਤੋਂ ਖ਼ਰੀਦੇ ਜਾਣਗੇ 17,500 ਕਰੋੜ ਦੇ ਹੈਲੀਕਾਪਟਰ

ਦੇਸ਼ ਦੀ ਨਵੀਂ ਸਰਕਾਰ ਵੱਲੋਂ ਇਸ ਵਰ੍ਹੇ ਦੇ ਅੰਤ ਤੱਕ ਅਮਰੀਕਾ ਤੋਂ 17,500 ਕਰੋੜ ਰੁਪਏ ਦੇ ਹੈਲੀਕਾਪਟਰ ਖ਼ਰੀਦਣ ਸਬੰਧੀ ਇੱਕ ਇਕਰਾਰ (ਕੰਟਰੈਕਟ) ਉੱਤੇ ਹਸਤਾਖਰ ਕੀਤੇ ਜਾ ਸਕਦੇ ਹਨ। ਇਹ ਹੈਲੀਕਾਪਟਰ ਭਾਰਤੀ ਸਮੁੰਦਰੀ ਫ਼ੌਜ ਲਈ ਖ਼ਰੀਦੇ ਜਾਣੇ ਹਨ। ਇੰਝ ਨਵੀਂ ਸਰਕਾਰ ਦਾ ਇਹ ਪਹਿਲਾ ਵੱਡਾ ਰੱਖਿਆ ਕੰਟਰੈਕਟ ਹੋਵੇਗਾ। ਰੱਖਿਆ ਵਿਭਾਗ ਦੇ ਸੂਤਰਾਂ ਮੁਤਾਬਕ ਭਾਰਤ ਆਪਣੀ ਸਮੁੰਦਰੀ ਫ਼ੌਜ ਨੂੰ ਹੋਰ ਮਜ਼ਬੂਤ ਕਰਨ ਲਈ 24 ਲੌਕਹੀਡ ਮਾਰਟਿਨ-ਸਿਕੋਰਸਕੀ ਐੱਮਐੱਚ-60ਆਰ ਹੈਲੀਕਾਪਟਰ ਖ਼ਰੀਦਣ ਜਾ ਰਿਹਾ ਹੈ। ਇਸ ਨਾਲ ਦੇਸ਼ ਦੀਆਂ ਪਣਡੁੱਬੀ-ਮਾਰੂ, ਆਕਾਸ਼ ਤੋਂ ਜ਼ਮੀਨ ਉੱਤੇ ਹਮਲੇ ਰੋਕਣ ਤੇ ਚੌਕਸੀ ਰੱਖਣ ਦੀਆਂ ਸਮਰੱਥਾਵਾਂ ਵਧ ਜਾਣਗੀਆਂ। ਬਹੁ-ਭੂਮਿਕਾਵਾਂ ਨਿਭਾ ਸਕਣ ਵਾਲੇ ਇਸ ਹੈਲੀਕਾਪਟਰ (MRH) ਦੀ ਖ਼ਰੀਦ ਅਮਰੀਕੀ ਸਰਕਾਰ ਦੇ ਵਿਦੇਸ਼ੀ ਮਿਲਟਰੀ ਸੇਲਜ਼ (FMS) ਪ੍ਰੋਗਰਾਮ ਅਧੀਨ ਕੀਤੀ ਜਾ ਰਹੀ ਹੈ; ਜਿਸ ਅਧੀਨ ਇੱਕ ਦੇਸ਼ ਦੀ ਸਰਕਾਰ ਦੂਜੀ ਸਰਕਾਰ ਤੋਂ ਸਿੱਧੀ ਖ਼ਰੀਦਦਾਰੀ ਕਰ ਸਕਦੀ ਹੈ। ਇਹ ਨਵੇਂ ਹੈਲੀਕਾਪਟਰ ਪੁਰਾਣੇ 'ਸੀਅ ਕਿੰਗ 42/42ਏ' ਬੇੜੇ ਦੀ ਥਾਂ ਲੈਣਗੇ, ਜਿਨ੍ਹਾਂ ਦੀ ਵਰਤੋਂ ਪਿਛਲੇ ਲਗਭਗ ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਬੰਦ ਕੀਤੀ ਜਾ ਚੁੱਕੀ ਹੈ।



ਰੱਖਿਆ ਵਿਭਾਗ ਦੇ ਸੂਤਰਾਂ ਨੇ ਦੱਸਿਆ ਕਿ ਅਮਰੀਕਾ ਨਾਲ ਇਹ ਕੰਟਰੈਕਟ ਇਸੇ ਵਰ੍ਹੇ ਅਕਤੂਬਰ-ਨਵੰਬਰ ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ। ਇਹ ਕਰਾਰ ਹੋਣ ਦੇ 18 ਮਹੀਨਿਆਂ ਬਾਅਦ ਨਵੇਂ ਹੈਲੀਕਾਪਟਰਾਂ ਦੀ ਸਪਲਾਈ ਸ਼ੁਰੂ ਹੋ ਜਾਵੇਗੀ। ਇਹ ਹੈਲੀਕਾਪਟਰ 17M–114 ਹੈਲਫ਼ਾਇਰ ਮਿਸਾਇਲਾਂ, ਐੱਮਕੇ 54 ਤਾਰਪੀਡੋ ਤੇ ਹੋਰ ਆਧੁਨਿਕ ਮਾਰੂ ਹਥਿਆਰਾਂ ਨਾਲ ਲੈਸ ਹੋ ਸਕਣਗੇ।

# ਸਤਰੰਗੀ ਪੱਗ ਬੰਨ੍ਹ ਸੋਸ਼ਲ ਮੀਡੀਆ 'ਤੇ ਵਾਇਰਲ ਹੋਇਆ ਹੋਇਆ ਸਿੱਖ, ਜਾਣੋ ਕਾਰਨ

ਸੈਨ ਡਿਆਗੋ: ਇੱਥੇ ਸਿੱਖ ਨਿਊਰੋਸਾਇੰਟਿਸਟ ਜੀਵਨਦੀਪ ਕੋਹਲੀ ਨੇ ਪ੍ਰਾਈਡ ਮਹੀਨੇ ਦੇ ਸਮਾਗਮ 'ਚ ਸਤਰੰਗੀ ਪੱਗ ਬੰਨ੍ਹ ਹਿੱਸਾ ਲਿਆ। ਇਸ ਕਾਰਨ ਹੁਣ ਉਹ ਸੋਸ਼ਲ ਮੀਡੀਆ 'ਤੇ ਕਾਫੀ ਵਾਇਰਲ ਹੋ ਰਿਹਾ ਹੈ। ਉਸ ਦੀ ਤਸਵੀਰ ਨੂੰ ਹੁਣ ਤੱਕ ਟਵਿਟਰ 'ਤੇ 30 ਹਜ਼ਾਰ ਤੋਂ ਜ਼ਿਆਦਾ ਲਾਈਕ ਮਿਲ ਚੁੱਕੇ ਹਨ। ਜੀਵਨ ਬਾਈਸੈਕੂਸਅਲ ਵੀ ਹੈ। ਜੀਵਨਦੀਪ 'ਦ ਗ੍ਰੇਟ ਐਮਰੀਕਨ ਬੇਕਿੰਗ ਸ਼ੋਅ' ਦਾ ਹਿੱਸਾ ਵੀ ਰਹਿ ਚੁੱਕਿਆ ਹੈ। ਹੁਣ ਉਹ ਆਪਣੇ ਆਪ ਨੂੰ ਵੱਖਰਾ ਬਣਾਉਣ ਵਾਲੇ ਅਹਿਸਾਸ ਨੂੰ ਇੰਜੁਆਏ ਕਰ ਰਿਹਾ ਹੈ। ਜੀਵਨ ਆਪਣੀ ਤਸਵੀਰ ਨੂੰ ਕੈਪਸ਼ਨ ਦੇ ਕੇ ਲਿਖਿਆ ਹੈ ਕਿ ਉਸ ਨੂੰ ਦਾੜੀ ਵਾਲਾ ਸਮਲਿੰਗੀ ਵਿਗਿਆਨੀ ਹੋਣ 'ਤੇ ਮਾਣ ਹੈ। ਪ੍ਰਾਈਡ ਮਹੀਨਾ ਇੱਕ ਜੂਨ ਨੂੰ ਖ਼ਤਮ ਹੋ ਗਿਆ। ਇਸ ਦਿਨ 1969 ਤੋਂ ਨਿਊਯਾਰਕ ਦੇ ਸਟੋਨਵਾਲ ਦੰਗਿਆਂ ਦੀ ਯਾਦ 'ਚ LGBTQ ਭਾਈਚਾਰੇ ਨੂੰ ਸਨਮਾਨਿਤ ਕਰ ਮਨਾਇਆ ਜਾਂਦਾ ਹੈ। ਆਪਣੇ ਵੱਲੋਂ ਦਿੱਤੇ ਇੰਟਰਵਿਊ 'ਚ ਕੋਹਲੀ ਨੇ ਕਿਹਾ ਕਿ, ਕੁਝ ਸਾਲ ਪਹਿਲਾਂ ਉਸ ਨੇ ਪ੍ਰਾਈਡ ਪ੍ਰੇਡ ਦੀਆਂ ਤਸਵੀਰਾਂ 'ਚ ਇੱਕ ਸਿੱਖ ਦੀ ਫੋਟੋ ਦੇਖੀ ਸੀ ਜਿਸ ਦੀ ਪੱਗ 'ਚ ਕੁਝ ਰੰਗ ਸੀ।" ਉਸ ਨੇ ਦੱਸਿਆ ਕਿ ਪਿਛਲੇ ਸਾਲ ਵੀ ਪ੍ਰਾਈਡ ਪ੍ਰੇਡ 'ਚ ਉਸ ਨੇ ਇਸੇ ਤਰ੍ਹਾਂ ਦੀ ਪੱਗ ਬੰਨ੍ਹੀ ਸੀ ਪਰ ਇਸ ਸਾਲ ਉਸ ਨੇ ਆਪਣੀ ਪੱਗ ਵਾਲੀ ਤਸਵੀਰ ਨੂੰ ਟਵਿੱਟਰ 'ਤੇ ਸ਼ੇਅਰ ਕੀਤਾ।




# ਡੈਮੋਕ੍ਰੈਟਸ ਨੇ ਪਾਸ ਕੀਤਾ ਅਹਿਮ ਬਿੱਲ, ਪ੍ਰਵਾਸੀਆਂ ਲਈ ਗਰੀਨ ਕਾਰਡ ਦਾ ਖੁੱਲ੍ਹਿਆ ਰਾਹ

ਵਾਸ਼ਿੰਗਟਨ: ਅਮਰੀਕਾ ਦੇ ਹਾਊਸ ਆਫ ਡੈਮੋਕ੍ਰੇਟਸ ਨੇ ਮੰਗਲਵਾਰ ਨੂੰ ਅਹਿਮ ਬਿੱਲ ਪਾਸ ਕਰ ਦਿੱਤਾ ਹੈ। ਇਸ ਬਿੱਲ ਦੇ ਪਾਸ ਹੋਣ ਨਾਲ ਹੀ ਸੈਂਕੜੇ ਅਜਿਹੇ ਕੱਚੇ ਪ੍ਰਵਾਸੀ ਵੀ ਆਪਣੀ ਨਾਗਰਿਕਤਾ ਹਾਸਲ ਕਰ ਸਕਦੇ ਹਨ, ਜਿਨ੍ਹਾਂ ਕੋਲ ਕੁਝ ਜ਼ੂਰੀ ਦਸਤਾਵੇਜ਼ ਨਹੀਂ ਹਨ। ਇਨ੍ਹਾਂ ਪ੍ਰਵਾਸੀਆਂ ਨੂੰ ਡਰੀਮਰਜ਼ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਤੇ ਪਿਛਲੀ ਓਬਾਮਾ ਸਰਕਾਰ ਨੇ 4131 ਪ੍ਰੋਗਰਾਮ ਤਹਿਤ ਕਈ ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ ਸੁਰੱਖਿਆ ਦਿੱਤੀ ਸੀ। ਉੱਧਰ, ਵ੍ਹਾਈਟ ਹਾਊਸ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਇਹ ਕਾਨੂੰਨ ਰਾਸ਼ਟਰਪਤੀ ਡੋਨਾਲਡ ਟਰੰਪ ਕੋਲ ਜਾਂਦਾ ਹੈ ਤਾਂ ਇਸ ਨੂੰ ਵੀਟੋ ਕਰ ਦਿੱਤਾ ਜਾਵੇਗਾ। ਸੈਨੇਟ 'ਤੇ ਦਬਦਬੇ ਵਾਲੇ ਰਿਪਬਲਿਕਨਜ਼ ਵੱਲੋਂ ਇਸ ਕਾਨੂੰਨ ਨੂੰ ਮਾਨਤਾ ਦੇਣ ਦੀ ਸੰਭਾਵਨਾ ਬੇਹੱਦ ਘੱਟ ਹੈ। ਡੈਮੋਕ੍ਰੈਟਸ ਨੇ ਡਰੀਮਰਜ਼ ਲਈ ਨਾਗਰਿਕਤਾ ਪ੍ਰਦਾਨ ਕਰਨ ਵਾਲੇ ਇਸ ਬਿੱਲ ਨੂੰ 237 ਵਿੱਚੋਂ 187 ਵੋਟਾਂ ਨਾਲ ਪਾਸ ਕਰ ਦਿੱਤਾ ਹੈ। ਹਾਊਸ ਦੀ ਸਪੀਕਰ ਨੈਨਸੀ ਪਲੋਸੀ ਨੇ ਬਿੱਲ 'ਤੇ ਬਹਿਸ ਦੌਰਾਨ ਕਿਹਾ ਕਿ ਸਾਡੇ ਕੋਲ ਇਤਿਹਾਸ ਦਾ ਹਿੱਸਾ ਬਣਨ ਦਾ ਮੌਕਾ ਹੈ, ਪਰ ਇਸ ਤੋਂ ਵੀ ਜ਼ਿਆਦਾ ਜ਼ੂਰੀ ਡਰੀਮਰਜ਼ ਨੂੰ ਮੱਤਦਾਨ ਦੇ ਕੇ ਉਨ੍ਹਾਂ ਦੇ ਮੁੱਲ ਨੂੰ ਪਛਾਣਨਾ ਹੈ। ਡਰੀਮਰਜ਼ ਅਜਿਹੇ ਲੋਕ ਹਨ ਜੋ ਆਪਣੇ ਮਾਪਿਆਂ ਨਾਲ ਅਮਰੀਕਾ ਵਿੱਚ ਗ਼ੈਰ ਕਾਨੂੰਨੀ ਰੂਪ ਵਿੱਚ ਆਏ ਸਨ ਤੇ ਇੱਥੇ ਕੰਮ ਕਰਨ ਦੇ ਬਾਵਜੂਦ ਨਾਗਰਿਕਤਾ ਹਾਸਲ ਨਹੀਂ ਕਰ ਸਕਦੇ।